**ਵਿਸ਼ਾ- ਮਿਤੀ 12/8/2010 ਨੂੰ ਫਿਰੋਜ਼ਪੁਰ, ਮੋਗਾ ਅਤੇ ਲੁਧਿਆਣਾ ਜ਼ਿਲ੍ਹਿਆਂ ਦਾ ਦੌਰਾ**

ਮਿਤੀ 12/8/2010 ਨੂੰ ਫਿਰੋਜ਼ਪੁਰ, ਮੋਗਾ ਅਤੇ ਲੁਧਿਆਣਾ ਜ਼ਿਲ੍ਹਿਆਂ ਦਾ ਦੌਰਾ ਕੀਤਾ ਗਿਆ। ਸੰਸਥਾ-ਵਾਈਜ਼ ਪੁਜ਼ੀਸ਼ਨ ਹੇਠ ਲਿਖੇ ਅਨੁਸਾਰ ਹੈ। ਸਾਰੇ ਸਬੰਧਤਾਂ ਨੂੰ ਬੇਨਤੀ ਹੈ ਕਿ ਲੋੜੀਂਦੀ ਕਾਰਵਾਈ ਕਰਨ-

1. **ਸਿਵਲ ਹਸਪਤਾਲ, ਜ਼ੀਰਾ-**

(1) ਸਿਵਲ ਹਸਪਤਾਲ, ਜ਼ੀਰਾ ਦੀ ਵਰਕਿੰਗ ਠੀਕ ਨਹੀਂ ਹੈ। ਓ.ਪੀ.ਡੀ. 130 ਹੈ ਅਤੇ ਲਗਦਾ ਹੈ ਕਿ ਉਹਨਾਂ ਦਾ ਕੰਮ ਮੈਡੀਕੋ-ਲੀਗਲ ਕੇਸਾਂ ਦਾ ਹੁੰਦਾ ਹੈ। ਐਸ.ਐਮ.ਓ. ਫਿਰੋਜ਼ਪੁਰ ਅੱਪ-ਡਾਊਨ ਕਰਦੇ ਹਨ ਅਤੇ ਬਾਕੀ ਡਾਕਟਰ ਵੀ ਬਾਹਰ ਤੋਂ ਆਉਂਦੇ ਹਨ। ਡਾਕਟਰਾਂ ਨੇ ਮੀਟਿੰਗ ਵਿਚ ਮੰਨਿਆ ਕਿ ਉਹ ਕਈ ਵਾਰ ਲੇਟ ਹੋ ਜਾਂਦੇ ਹਨ। ਸਿਵਲ ਸਰਜਨ ਨੂੰ ਬੇਨਤੀ ਹੈ ਇਹਨਾਂ ਡਾਕਟਰਾਂ ਦੀ ਹਾਜ਼ਰੀ ਰੋਜ਼ਾਨਾ ਚੈਕ ਕਰਨ ਅਤੇ ਜੋ ਡਾਕਟਰ ਹੈਡ-ਕੁਆਰਟਰ ਤੇ ਨਹੀਂ ਰਹਿੰਦੇ ਅਤੇ ਬਾਹਰ ਤੋਂ ਆਉਂਦੇ ਹਨ ਉਹਨਾਂ ਦਾ ਹਾਊਸ ਰੈਂਟ ਅਲਾਊਂਸ ਬੰਦ ਕਰ ਦਿੱਤਾ ਜਾਵੇ। (**ਸਿਵਲ ਸਰਜਨ ਫਿਰੋਜ਼ਪੁਰ**)

(2) ਜ਼ੀਰਾ ਵਿਖੇ 50 ਬਿਸਤਰਿਆਂ ਦਾ ਹਸਪਤਾਲ ਹੈ ਪਰੰਤੂ ਉਥੇ 35 ਬਿਸਤਰੇ ਹੀ ਹਨ। 15 ਬਿਸਤਰੇ ਜਲਦੀ ਪੂਰੇ ਕੀਤੇ ਜਾਣ। ( **ਐਮ.ਡੀ. ਪੀ.ਐਚ.ਐਸ.ਸੀ./ਸਿਵਲ ਸਰਜਨ ਫਿਰੋਜ਼ਪੁਰ**)

(3) ਓ.ਪੀ.ਡੀ. ਰਜਿਸਟਰ ਨਹੀਂ ਲਾਇਆ ਹੋਇਆ। ਸਾਰੇ ਡਾਕਟਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਜੇਕਰ ਰਜਿਸਟਰ ਨਹੀਂ ਛਪਿਆ ਤਾਂ ਛਪੇ ਹੋਏ ਰਜਿਸਟਰ ਮਾਰਕੀਟ ਤੋਂ ਲੈ ਕੇ ਪਰਾਪਰ ਓ.ਪੀ.ਡੀ. ਰਜਿਸਟਰ ਲਗਾਇਆ ਜਾਵੇ। (**ਸਿਵਲ ਸਰਜਨ ਫਿਰੋਜ਼ਪੁਰ**)

(4) ਬਲੱਡ ਸਟੋਰੇਜ਼ ਦਾ ਯੂਨਿਟ ਰੈਫਰੀਜਰੇਟਰ ਖਰਾਬ ਸੀ ਅਤੇ ਰਿਪੇਅਰ ਲਈ ਵਰਕਸ਼ਾਪ ਗਈ ਸੀ। (**ਸਿਵਲ ਸਰਜਨ ਫਿਰੋਜ਼ਪੁਰ**)

(5) ਲੇਬਰ ਰੂਮ ਵਿਚ ਸੈਕਸ਼ਨ ਮਸ਼ੀਨ ਅਤੇ ਹੋਰ ਸਾਜੋ ਸਾਮਾਨ ਨਹੀਂ ਸੀ। (**ਸਿਵਲ ਸਰਜਨ ਫਿਰੋਜ਼ਪੁਰ**)

(6) **ਸਰਵਿਸੇਬਲ ਆਈਟਮਜ਼-** ਜੋ ਆਈਟਮਾਂਸਰਵਿਸੇਬਲ ਹਨ ਉਹਨਾਂ ਦੀ ਲਿਸਟ ਨਾਲ ਨੱਥੀ ਹੈ। ਉਹਨਾਂ ਨੂੰ ਜਲਦੀ ਠੀਕ ਕਰਵਾਇਆ ਜਾਵੇ। ਇਹ ਆਈਟਮਾਂ ਖਾਸ ਤੌਰ ਤੇ ਬੁਆਇਲਸ ਅਪਰੇਟਸ, ਕਾਰਡੀਆਕ ਮੌਨੀਟਰ, ਡੈਂਟਲ ਐਕਸ-ਰੇ ਮਸ਼ੀਨ, ਅਲਟਰਾਸਾਊਂਡ ਸਕੈਨਰ ਵਗੈਰਾ ਖਰਾਬ ਪਈਆਂ ਹਨ। (**ਐਮ.ਡੀ. ਪੀ.ਐਚ.ਐਸ.ਸੀ.**)

2. **ਸਬ-ਸੈਂਟਰ ਬਿਹਾਕ ਗੁੱਜਰਾਂ, ਬਲਾਕ ਕੱਸੋਆਣਾ-**

(1) ਸਬ-ਸੈਂਟਰ ਵਿਚ ਰੂਰਲ ਡਿਸਪੈਂਸਰੀ ਵੀ ਚਲ ਰਹੀ ਹੈ ਪਰੰਤੂ ਮੇਨ ਰੋਡ ਉਪਰ ਨਾ ਤਾਂ ਰੂਰਲ ਡਿਸਪੈਂਸਰੀ ਦਾ ਨਾ ਹੀ ਸਬ-ਸੈਂਟਰ ਦਾ ਬੋਰਡ ਲਗਾਇਆ ਗਿਆ ਸੀ। ਸਿਵਲ ਸਰਜਨ ਨੂੰ ਬੇਨਤੀ ਹੈ ਕਿ ਜਿਸ ਵੀ ਪਿੰਡ ਵਿਚ ਸਬ-ਸੈਂਟਰ ਅਤੇ ਹੋਰ ਕੋਈ ਸਿਹਤ ਸੰਸਥਾ ਹੈ ਉਸ ਦਾ ਬੋਰਡ ਮੇਨ ਸੜਕ ਉਪਰ ਜ਼ਰੂਰ ਲਾਇਆ ਜਾਵੇ। (**ਸਿਵਲ ਸਰਜਨ, ਫਿਰੋਜ਼ਪੁਰ**)

(2) ਸਬ-ਸੈਂਟਰ ਵਿਚ ਬਿਲਡਿੰਗ ਦੀ ਹਾਲਤ ਠੀਕ ਹੈ ਪਰੰਤੂ ਬਾਥ ਰੂਮ ਵਿਚ ਪਾਣੀ ਦੀ ਵਿਵਸਥਾ ਨਹੀਂ। (**ਸਿਵਲ ਸਰਜਨ ਫਿਰੋਜ਼ਪੁਰ/ਐਸ.ਐਮ.ਓ.ਜ਼ੀਰਾ**)

(3) ਸਬ-ਸੈਂਟਰ ਤੋਂ ਅਨ-ਟਾਈਡ ਪੈਸਾ ਜੇਕਰ ਉਸੀ ਬਿਲਡਿੰਗ ਵਿਚ ਚੱਲ ਰਿਹਾ ਹੈਲਥ ਸੈਂਟਰ ਹੋਵੇ, ਤਾਂ ਲਾ ਦੇਣਾ ਚਾਹੀਦਾ ਹੈ। (**ਸਿਵਲ ਸਰਜਨ, ਫਿਰੋਜ਼ਪੁਰ**)

(4) ਸਬ-ਸੈਂਟਰ ਵਿਚ ਦਵਾਈਆਂ ਨਹੀਂ ਚੈਕ ਕੀਤੀਆਂ ਜਾ ਸਕੀਆਂ ਕਿਉਂਕਿ ਏ.ਐਨ.ਐਮ. ਨੇ ਦੱਸਿਆ ਕਿ ਉਸ ਦੇ ਸਟੋਰ ਦੀ ਚਾਬੀ ਚੋਰੀ ਹੋ ਗਈ ਸੀ ਪਰੰਤੂ ਮੋਟੇ ਤੌਰ ਤੇ ਇਹ ਆਈਟਮਾਂ ਮਿਸਿੰਗ ਪਾਈਆਂ ਗਈਆਂ-ਯੂਰਿਨ

ਸਟਿੱਕਸ, ਪ੍ਰੈਗਨੈਂਸੀ ਟੈਸਟ ਕਿੱਟ, ਓਰਲ ਪਿੱਲ ਸਪਲਾਈ, ਡਲਿਵਰੀ ਕਿੱਟ ਆਦਿ। (**ਸਿਵਲ ਸਰਜਨ ਫਿਰੋਜ਼ਪੁਰ**)

(5) ਸਬ-ਸੈਂਟਰ ਉਪਰ ਡਲਿਵਰੀਜ਼ ਲਈ ਆਸ਼ਾ ਦੀ ਪੇਮੈਂਟ ਦਾ ਸਟੇਟਸ ਚੰਗੀ ਤਰ੍ਹਾਂ ਰਿਕਾਰਡ ਨਹੀਂ ਹੋਇਆ। (**ਸਿਵਲ ਸਰਜਨ ਫਿਰੋਜ਼ਪੁਰ**)

3. **ਕੋਟ ਈਸੇ ਖਾਂ-**

(1) ਐਸ.ਐਮ.ਓ. ਦੀ ਪੋਸਟ ਖਾਲੀ ਹੈ।

(2) **ਫੰਡਜ਼-** ਰੋਗੀ ਕਲਿਆਣ ਸਮਿਤੀ ਤੋਂ ਸਾਲਾਨਾ ਮੇਂਟੀਨੈਂਸ ਗਰਾਂਟ ਦੇ ਪੈਸੇ ਵਰਤੋਂ ਨਹੀਂ ਕੀਤੇ ਗਏ। (**ਸਿਵਲ ਸਰਜਨ ਮੋਗਾ**)

(3) **ਬੋਰਡ-** ਕੋਟ ਈਸੇ ਖਾਂ ਦੇ ਮੇਨ ਗੇਟ ਦੇ ਉੱਪਰ ਸੀ.ਐਚ.ਸੀ. ਦਾ ਬੋਰਡ ਨਹੀਂ ਲਗਾਇਆ ਹੋਇਆ ਅਤੇ ਬੋਰਡ ਖਾਲੀ ਪਿਆ ਹੋਇਆ ਹੈ।

(4) **ਗੈਰ-ਹਾਜ਼ਰ**-ਮੁਲਾਜ਼ਮਾਂ ਨੂੰ ਸੁਨੇਹਾ ਦੇਣ ਤੋਂ ਬਾਅਦ ਵੀ ਡਾਕਟਰ ਮੋਨਿਕਾ ਕੌੜਾ, ਮੈਡੀਕਲ ਅਫਸਰ (ਫੀਮੇਲ) ਅਤੇ ਸ੍ਰੀ ਗੁਰਦੇਵ ਸਿੰਘ, ਫਾਰਮਾਸਿਸਟ ਗੈਰ-ਹਾਜ਼ਰ ਸਨ। ਡਾਕਟਰ ਮੋਨਿਕਾ ਕੌੜਾ ਮੋਗੇ ਤੋਂ ਅਪ-ਡਾਊਨ ਕਰਦੇ ਹਨ। ਸਿਵਲ ਸਰਜਨ ਨੂੰ ਬੇਨਤੀ ਹੈ ਕਿ ਡਾਕਟਰ ਮੋਨਿਕਾ ਕੌੜਾ ਦਾ ਹਾਊਸ ਰੈਂਟ ਅਲਾਊਂਸ ਬੰਦ ਕਰਨ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਨੂੰ ਬੇਨਤੀ ਹੈ ਕਿ ਸ੍ਰੀ ਗੁਰਦੇਵ ਸਿੰਘ, ਫਾਰਮਾਸਿਸਟ ਦੇ ਵਿਰੁੱਧ ਕਾਰਵਾਈ ਸ਼ੁਰੂ ਕਰਨ। (**ਡਾਇਰੈਕਟਰ ਸਿਹਤ ਸੇਵਾਵਾਂ /ਸਿਵਲ ਸਰਜਨ ਮੋਗਾ**)

(5) **ਡਲਿਵਰੀ ਰਜਿਸਟਰ-** ਇਹ ਰਜਿਸਟਰ ਪੁਰਾਣਾ ਲੱਗਿਆ ਹੋਇਆ ਹੈ ਜਦੋਂ ਕਿ ਨਵੇਂ ਰਜਿਸਟਰ ਇੱਕ ਸਾਲ ਪਹਿਲਾ ਦਿੱਤੇ ਗਏ ਸਨ ਉਹ ਇਸਤੇਮਾਲ ਨਹੀਂ ਕੀਤੇ ਗਏ। (**ਡੀ.ਪੀ.ਐਮ./ਸਿਵਲ ਸਰਜਨ**)

(6) **ਸਟਾਫ ਨਰਸਾਂ-** ਐਨ.ਆਰ.ਐਚ.ਐਮ. ਵਲੋਂ 5 ਸਟਾਫ ਨਰਸਾਂ ਮੰਨਜੂਰਸ਼ੁਦਾ ਹਨ ਪਰੰਤੂ 3 ਹੀ ਪੋਸਟਾਂ ਭਰੀਆਂ ਹੋਈਆਂ ਹਨ ਅਤੇ 2 ਖਾਲੀ ਹੈ। (**ਸਿਵਲ ਸਰਜਨ ਮੋਗਾ**)

(7) **ਓ.ਪੀ.ਡੀ. ਰਜਿਸਟਰ-** ਓ.ਪੀ.ਡੀ. ਦਾ ਪਰੌਪਰ ਰਜਿਸਟਰ ਨਹੀਂ ਲਗਾਇਆ ਹੋਇਆ। ਇਸ ਲਈ ਬੇਨਤੀ ਹੈ ਕਿ ਮਾਰਕਿਟ ਤੋਂ ਛਪਿਆ ਹੋਇਆ ਰਜਿਸਟਰ ਖਰੀਦ ਕੇ ਇਸਤੇਮਾਲ ਕੀਤਾ ਜਾਵੇ ਜਦੋਂ ਤੱਕ ਕਿ ਸਰਕਾਰ ਵਲੋਂ ਸਪਲਾਈ ਨਹੀਂ ਆ ਜਾਂਦੀ। (**ਸਿਵਲ ਸਰਜਨ ਮੋਗਾ**)

(8) **ਏ.ਐਨ.ਐਮਜ਼-** ਏ.ਐਨ.ਐਮਜ਼ ਦੀ ਮੀਟਿੰਗ ਚੱਲ ਰਹੀ ਸੀ ਉਸ ਵਿਚ ਵੀ ਭਾਗ ਲਿਆ ਗਿਆ। ਉਹਨਾਂ ਨੇ ਸ਼ਿਕਾਇਤ ਕੀਤੀ ਕਿ ਜੂਨ ਅਤੇ ਜੁਲਾਈ ਦੀ ਤਨਖਾਹ ਉਹਨਾਂ ਨੂੰ ਨਹੀਂ ਮਿਲੀ ਅਤੇ ਏ.ਐਨ.ਐਮਜ਼ ਜੋ ਪੁਰਾਣੀਆਂ ਰੱਖੀਆਂ ਹੋਈਆਂ ਹਨ ਅਤੇ ਨਵੀਆਂ ਰੱਖੀਆਂ ਹਨ ਉਹਨਾਂ ਦੀ ਤਨਖਾਹ ਵਿਚ ਫਰਕ ਹੈ। (**ਡਾਇਰੈਕਟਰ ਪਰਿਵਾਰ ਭਲਾਈ**)

4. **ਧਰਮਕੋਟ-**

(1) ਇਥੇ ਡਲਿਵਰੀ ਰਜਿਸਟਰ ਪਰੌਪਰ ਨਹੀਂ ਲੱਗਿਆ ਹੋਇਆ। ਡੀ.ਪੀ.ਐਮ./ਸਿਵਲ ਸਰਜਨ ਸਪਸ਼ਟ ਕਰਨ ਕਿ ਕੀ ਪੂਰੇ ਜ਼ਿਲ੍ਹੇ ਵਿਚ ਡਲਿਵਰੀ ਦਾ ਰਜਿਸਟਰ ਹੁਣ ਤੱਕ ਕਿਉਂ ਨਹੀਂ ਲਾਇਆ ਗਿਆ। (**ਡੀ.ਪੀ.ਐਮ./ਸਿਵਲ ਸਰਜਨ, ਮੋਗਾ**)

(2) **ਓ.ਪੀ.ਡੀ. ਸਲਿੱਪਾਂ-** ਓ.ਪੀ.ਡੀ. ਸਲਿੱਪਾਂ ਡਾਇਰੈਕਟਰ ਸਿਹਤ ਸੇਵਾਵਾਂ ਦੇ ਦਫਤਰ ਤੋਂ ਨਹੀਂ ਆ ਰਹੀਆਂ। ਡਾਇਰੈਕਟਰ ਸਿਹਤ ਸੇਵਾਵਾਂ ਨੂੰ ਬੇਨਤੀ ਹੈ ਕਿ ਇਹ ਸਲਿੱਪਾਂ ਸਮੇਂ-ਸਿਰ ਛਪਵਾ ਕੇ ਤੁਰੰਤ ਸਪਲਾਈ ਕੀਤੀਆਂ ਜਾਣ। (**ਡਾਇਰੈਕਟਰ ਸਿਹਤ ਸੇਵਾਵਾਂ**)

(3) **ਲੇਬਰ ਰੂਮ-** ਇਥੇ ਨਵਾਂ ਲੇਬਰ ਰੂਮ ਬਣਾਉਣ ਦੀ ਲੋੜ ਹੈ ਜਿਸ ਦੇ ਉਪਰ ਤੁਰੰਤ ਕਾਰਵਾਈ ਕੀਤੀ ਜਾਵੇ। (**ਐਮ.ਡੀ. ਪੀ.ਐਚ.ਐਸ.ਸੀ./ ਐਮ.ਡੀ. ਐਨ.ਆਰ.ਐਚ.ਐਮ.**)

5. **ਢੂਡੀਕੇ -**

(1) **ਖਾਲੀ ਆਸਾਮੀਆਂ-** ਮੈਡੀਕਲ ਅਫਸਰਾਂ ਦੀਆਂ 2 ਆਸਾਮੀਆਂ ਅਤੇ ਇੱਕ ਆਸਾਮੀ ਰੇਡਿਓਲੋਜਿਸਟ ਦੀ ਖਾਲੀ ਹੈ। ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਐਮ.ਡੀ. ਐਨ.ਆਰ.ਐਚ.ਐਮ ਤੁਰੰਤ ਕਾਰਵਾਈ ਕਰਨ। (**ਐਮ.ਡੀ. ਐਨ.ਆਰ.ਐਚ.ਐਮ**)

(2) **ਬਲੱਡ ਟਰਾਂਸਫਿਊਜਨ** - ਇਸ ਸੰਸਥਾ ਵਿੱਚ ਬਲੱਡ ਟਰਾਂਸਫਿਊਜਨ ਦੀ ਕੋਈ ਵਿਵਸਥਾ ਨਹੀਂ ਹੈ। ਇਥੇ ਬਲੱਡ ਟਰਾਂਸਫਿਊਜਨ ਨੂੰ ਚਾਲੂ ਕਰਨਾ ਚਾਹੀਦਾ ਹੈ। ਇਸ ਸਬੰਧ ਵਿੱਚ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ। (**ਐਮ.ਡੀ. ਐਨ.ਆਰ.ਐਚ.ਐਮ**)

(3) **ਏ.ਐਨ.ਐਮ -** ਇੱਕ ਏ.ਐਨ.ਐਮ. ਦੀ ਪੋਸਟ ਖਾਲੀ ਹੈ। ਕਿਉਂਕਿ ਉਥੇ ਤੈਨਾਤ ਇੱਕ ਐਲ.ਐਚ.ਵੀ. ਦੀ ਪੱਦ-ਉਨਤੀ ਹੋ ਚੁੱਕੀ ਹੈ। ਇਸ ਆਸਾਮੀ ਨੂੰ ਭਰਨ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ। (**ਐਮ.ਡੀ. ਐਨ.ਆਰ.ਐਚ.ਐਮ**)

(4) **ਡਲੀਵਰੀ** -ਡਲੀਵਰੀ ਰਜਿਸਟਰ ਮੀਸਿੰਗ ਸੀ। ਨਵਾਂ ਡਲੀਵਰੀ ਰਜਿਸਟਰ ਉਥੇ ਨਹੀਂ ਲਗਾਇਆ ਹੋਇਆ ਸੀ, ਜੋ ਤੁਰੰਤ ਲਗਵਾਇਆ ਜਾਵੇ। (**ਸਿਵਲ ਸਰਜਨ, ਲੁਧਿਆਣਾ**)

(5) **ਅਲਟਰਾ ਸਾਊਂਡ ਮਸੀਨ** : ਡਾ: ਮਨੀਸ਼ਾ, ਮੈਡੀਕਲ ਅਫਸਰ, ਜੋ ਕਿ ਐਨ.ਆਰ.ਐਚ.ਐਮ. ਵਲੋਂ ਉਥੇ ਤੈਨਾਤ ਹੈ, ਨੇ ਦੱਸਿਆ ਕਿ ਉਨ੍ਹਾਂ ਦੀ ਇੱਕ ਅਲਟਰਾਸਾਊਂਡ ਮਸੀਨ ਮੋਗਾ ਵਿਖੇ ਸੀਲਬੰਦ ਪਈ ਹੈ। ਸਿਵਲ ਸਰਜਨ ਮੋਗਾ ਨੂੰ ਬੇਨਤੀ ਕੀਤੀ ਗਈ ਕਿ ਜੇਕਰ ਉਹ ਅਲਟਰਾਸਾਊਂਡ ਮਸੀਨ ਡਾ: ਮਨੀਸਾ ਨੂੰ ਡਿਊਟੀ ਦੌਰਾਨ ਵਰਤੋਂ ਵਿੱਚ ਲਿਆਉਣ ਲਈ ਆਗਿਆ ਦੇਣ ਤਾਂ ਇਸ ਤੋਂ ਅੱਛੀ ਸੁਵਿਧਾ ਮਿੱਲ ਸਕਦੀ ਹੈ। (**ਸਿਵਲ ਸਰਜਨ, ਲੁਧਿਆਣਾ**)

(6) **ਜੇ.ਐਸ.ਵਾਈ:** ਜੇ.ਐਸ.ਵਾਈ ਸਬੰਧੀ ਇਸ ਸਮੇ ਕਈ ਸੰਸਥਾਵਾਂ ਵਿੱਚ 15●●/- ਐਨਸਥੀਸੀਆ ਡਾਕਟਰ ਨੂੰ ਅਤੇ 3●●/-ਰੁਪਏ ਉਸ ਦੇ ਆਉਣ ਜਾਣ ਲਈ ਦਿੱਤੇ ਜਾਂਦੇ ਹਨ। ਪ੍ਰੰਤੂ ਡਾ: ਆਰ.ਕੇ. ਗਰਗ ਜੋ ਡੀ.ਐਚ.ਐਸ. ਦੇ ਦਫਤਰ ਤੋਂ ਉਥੇ ਗਏ ਹਨ, ਉਨ੍ਹਾਂ ਨੇ ਸਪਸਟ ਕੀਤਾ ਕਿ ਸਿਰਫ 15●●/- ਰੁਪਏ ਹੀ ਮਿੱਲ ਸਕਦੇ ਹਨ ਉਹ ਵੀ ਸਿਰਫ ਬੀ.ਪੀ.ਐਲ ਅਤੇ ਐਸ.ਸੀ. ਮਹਿਲਾਵਾਂ ਦੀ ਡਲੀਵਰੀ ਲਈ। ਕਹਿਣ ਦਾ ਭਾਵ ਹੈ ਕਿ ਹੋਰ ਹੋਰ ਔਰਤਾਂ ਦੀ ਡਲੀਵਰੀ ਲਈ ਐਨਸਥੀਸੀਆਂ ਸਪੈਸਲਿਸਟ ਨੂੰ ਬੁਲਾਉਣਾ ਅਤੇ ਪੈਸੇ ਦੇਣੇ ਠੀਕ ਨਹੀਂ ਹੋਵੇਗਾ। ਇਹ ਹਦਾਇਤਾਂ ਚੰਗੀ ਤਰ੍ਹਾਂ ਘੋਖੀਆਂ ਜਾਣ ਅਤੇ ਸਰਕਾਰ ਤੋਂ ਉਚਿਤ ਫੈਸਲਾ ਕਰਵਾ ਕੇ ਸਾਰੀਆਂ ਜਿਲ੍ਹਿਆਂ ਨੂੰ ਸਪਸਟੀਕਰਨ ਦਿੱਤਾ ਜਾਵੇ। (**ਡਾਇਰੈਕਟਰ ਪਰਿਵਾਰ ਭਲਾਈ**)

6. **ਜਗਰਾਓਂ -**

(1) ਸਿਵਲ ਹਸਪਤਾਲ, ਜਗਰਾਓਂ ਨੂੰ ਸੇਵਰੇ 7-●● ਵਜੋਂ ਚੈਕ ਕੀਤਾ। ਮੌਕੇ ਤੇ ਐਸ.ਐਮ.ਓ. ਅਤੇ ਹੋਰ ਸਟਾਫ ਹਾਜਰ ਪਾਇਆ ਗਿਆ। ਉਥੇ ਕਈ ਡਲੀਵਰੀ ਕੇਸ ਆਏ ਹੋਏ ਸਨ। ਡਲੀਵਰੀ ਦਾ ਕੰਮ ਕਾਜ ਅੱਛਾ ਚੱਲ ਰਿਹਾ ਸੀ।

(2) **ਐਨਸਥੀਸੀਆਂ** : ਇਸ ਸੰਸਥਾ ਵਿੱਚ ਡਾ: ਵਿਜੈ ਸ਼ਰਮਾ, ਐਨਸਥੀਸੀਆ ਸਪੈਸ਼ਲਿਸਟ ਪੋਸਟਿਡ ਹਨ। ਪ੍ਰੰਤੂ ਲੁਧਿਆਣਾ ਵਿਖੇ ਡਿਊਟੀ ਤੋਂ ਬਾਦ ਇਹ ਜਗਰਾਓ ਹਸਪਤਾਲ ਵਿੱਚ ਆਉਣ ਲਈ ਆਨਾ-ਕਾਨੀ ਕਰਦੇ ਹਨ। ਸੁਝਾਓ ਦਿੱਤਾ ਗਿਆ ਕਿ ਡਾਕਟਰ ਕੁਲਦੀਪ ਸਿੰਘ ਨੂੰ ਰਾਏਕੋਟ ਤੋਂ ਜਗਰਾਓ ਵਿਖੇ ਪੋਸਟ ਕਰ ਦਿੱਤਾ ਜਾਵੇ ਅਤੇ ਡਾ: ਵਿਜੈ ਸਰਮਾ ਨੂੰ ਜਗਰਾਓ ਤੋਂ ਰਾਏਕੋਟ ਵਿਖੇ ਭੇਜ ਦਿੱਤਾ ਜਾਵੇ ਕਿਉਂਕਿ ਜਗਰਾਓ ਵਿਖੇ ਕੰਮ ਜਿਆਦਾ ਹੈ।

**(ਵਧੀਕ ਸਕੱਤਰ ਸਿਹਤ (ਬੀ)**

(3) **ਅਰਬਨ ਏ.ਐਨ.ਐਮ - ਕਿੱਟ "ਏ" ਅਤੇ ਕਿੱਟ "ਬੀ" ਸਬੰਧੀ** : ਪਿਛਲੇ ਇੱਕ ਸਾਲ ਤੋਂ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਅਰਬਨ ਏਰੀਏ ਦੀ ਏ.ਐਨ.ਐਮਜ ਨੂੰ ਕਿੱਟ "ਏ" ਅਤੇ ਕਿੱਟ "ਬੀ" ਸਪਲਾਈ ਨਹੀਂ ਕਰ ਸਕੇ। ਐਮ.ਡੀ. ਐਨ.ਆਰ.ਐਚ.ਐਮ. ਇਸ ਕੇਸ ਦੀ ਫਾਇਲ ਨੂੰ ਆਪਣੇ ਹੱਥ ਵਿੱਚ ਲੈਣ ਅਤੇ ਕਾਰਵਾਈ ਕਰਨ :-

(1) ਭਾਰਤ ਸਰਕਾਰ ਨੂੰ ਏ.ਐਨ.ਐਮ ਬਾਰੇ ਲਿੱਖਣ,

(2) ਪ੍ਰੰਤੂ ਭਾਰਤ ਸਰਕਾਰ ਵਲੋਂ ਅਰਬਨ ਏਰੀਆ ਹੋਣ ਕਾਰਨ ਸੰਭਾਵਨਾ ਘੱਟ ਹੈ, ਇਸ ਲਈ ਆਪਣੇ ਸਟੇਟ ਪੱਧਰ ਤੇ ਹੀ ਇਨ੍ਹਾਂ ਲਈ ਹੁਕਮ ਦੇਣੇ ਪੈਣੇ ਹਨ। ਇਸ ਸਬੰਧ ਵਿੱਚ ਮੇਰੇ ਵਲੋਂ ਡਾ: ਭਾਟੀਆ ਨੂੰ ਕਈ ਵਾਰ ਦੱਸਿਆ ਗਿਆ ਪ੍ਰੰਤੂ ਉਨ੍ਹਾਂ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਐਮ.ਡੀ. ਐਨ.ਆਰ.ਐਚ.ਐਮ. ਇਸ ਬਾਰੇ ਜਿੰਮੇਵਾਰੀ ਫਿਕਸ ਕਰਨ। (**ਐਮ.ਡੀ. ਐਨ.ਆਰ.ਐਚ.ਐਮ**)।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ

ਪਿੱਠਅੰਕਣ ਨੰ: ਪੀ.ਐਸ/ਪੀ.ਐਸ.ਐਚ-ਪੰਬ-2●1●/ ਮਿਤੀ ਚੰਡੀਗੜ੍ਹ

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੈਨੇਜਿੰਗ ਡਾਇਰੈਕਟਰ, ਪੀ.ਐਚ.ਐਸ.ਸੀ. ਮੋਹਾਲੀ,
2. ਮਿਸ਼ਨ ਡਾਇਰੈਕਟਰ, ਐਨ.ਆਰ.ਐਚ.ਐਮ.
3. ਵਧੀਕ ਸਕੱਤਰ ਸਿਹਤ (ਬੀ)
4. ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ,
5. ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ,
6. ਸਿਵਲ ਸਰਜਨ, ਫਿਰੋਜਪੁਰ, ਮੋਗਾ ਅਤੇ ਲੁਧਿਆਣਾ ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ